**Bymail/Urgent.**

# ਡਾਇਰੈੱਕਟੋਰੇਟ, ਪਸ਼ੂ ਪਾਲਣ ਵਿਭਾਗ, ਪੰਜਾਬ ।

ਪੰਜਾਬ ਲਾਇਵਸਟਾਕ ਕੰਪਲੈਕਸ, ਸੈਕਟਰ-68, ਐਸ.ਏ.ਐਸ.ਨਗਰ,
( ਅਮਲਾ ਸ਼ਾਖਾ-2 )

ਸੇਵਾ ਵਿਖੇ,

ਸਮੂਹ ਅਧੀਨ ਦਫਤਰ,
ਪਸ਼ੂ ਪਾਲਣ ਵਿਭਾਗ, ਪੰਜਾਬ ।
ਮੀਮੋ ਨੰ: 2018/ਅ-4/15344-84
ਚੰਡੀਗੜ੍ਹ, ਮਿਤੀ: 27-6-18

ਵਿਸ਼ਾ:- ਚੰਡੀਗੜ੍ਹ ਪ੍ਰਸ਼ਾਸ਼ਨ ਵਿੱਚ ਡੈਪੂਟੇਸ਼ਨ ਤੇ ਵੈਟੀ. ਇੰਸਪੈਕਟਰਾਂ ਦੀ ਤੈਨਾਤੀ ਲਈ ਪੈਨਲ ਭੇਜਣ ਬਾਰੇ ।
ਹਵਾਲਾ:- ਇਸ ਦਫਤਰ ਦਾ ਰਜਿ: ਪੱਤਰ ਨੰ: 2017/ਅ-3/31613-43 ਮਿਤੀ 24.11.2017, ਰਜਿ: ਪੱਤਰ ਨੰ: 2017/ਅ.3/8588-8609 ਮਿਤੀ 16.4.2018

=====

ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਹਵਾਲਾ ਅਧੀਨ ਪੱਤਰਾ ਵੱਲ ਦਿਵਾਇਆ ਜਾਂਦਾ ਹੈ, ਜਿਸ ਰਾਹੀ ਚੰਡੀਗੜ੍ਹ ਪ੍ਰਸ਼ਾਸ਼ਨ ਅਧੀਨ ਡੈਪੂਟੇਸ਼ਨ ਰਾਹੀ ਵੈਟਨਰੀ ਇੰਸਪੈਕਟਰਾਂ ਦੀਆਂ ਪੰਜਾਬ ਕੋਟੇ ਦੀਆਂ ਅਸਾਮੀਆ ਭਰਨ ਲਈ ਚਾਹਵਾਨ ਕਰਮਚਾਰੀਆ ਦੀਆਂ ਅਰਜ਼ੀਆ ਮੰਗੀਆ ਗਈਆ ਸਨ । ਇਸ ਸਬੰਧੀ ਆਪ ਨੂੰ ਤਹਿਸੀਲਾ ਦੇ ਸੀਨੀਅਰ ਵੈਟਨਰੀ ਅਫਸਰਾਂ ਰਾਹੀ ਸਾਰੇ ਵੈਟਨਰੀ ਇੰਸਪੈਕਟਰਜ਼ ਨੂੰ ਜਾਣੂੰ ਕਰਵਾਕੇ ਅਤੇ ਚਾਹਵਾਨ ਵੈਟਨਰੀ ਇੰਸਪੈਕਟਰਾਂ ਦੀਆਂ ਪ੍ਰਤੀਬੇਨਤੀਆਂ ਪ੍ਰਾਪਤ ਕਰਕੇ ਸਮੇਤ ਸਰਵਿਸ ਬੁੱਕਾ ਅਤੇ ਸਬੰਧਿਤ ਦੇ ਕੰਮ/ਆਚਰਣ ਅਤੇ ਸ਼ਕਾਇਤ / ਇੰਨਕੁਆਰੀ ਸਬੰਧੀ ਰਿਪੋਟ ਦੇ ਤਰੰਤ ਦਸਤੀ ਇਸ ਦਫਤਰ ਨੂੰ ਭੇਜਣ ਦੀ ਹਦਾਇਤ ਕੀਤੀ ਗਈ ਸੀ। ਇਸ ਪੱਤਰ ਰਾਹੀ ਇਹ ਵੀ ਸਪਸ਼ਟ ਕੀਤਾ ਗਿਆ ਸੀ ਕਿ ਜੇਕਰ ਆਪ ਦੇ ਅਧੀਨ ਕੰਮ ਕਰਦੇ ਵੈਟਨਰੀ ਇੰਸਪੈਕਟਰਾ ਵਿੱਚੋ ਕੋਈ ਕਰਮਚਾਰੀ ਚੰਡੀਗੜ੍ਹ ਪ੍ਰਸ਼ਾਸ਼ਨ ਅਧੀਨ ਡੈਪੂਟੇਸ਼ਨ ਤੇ ਜਾਣ ਦਾ ਚਾਹਵਾਨ ਨਹੀ ਹੈ, ਤਾਂ ਵੀ ਰਿਪੋਟ ਇੱਕ ਹਫਤੇ ਦੇ ਅੰਦਰ-ਅੰਦਰ ਭੇਜੀ ਜਾਵੇ, ਪਰੰਤੂ ਆਪ ਵਲੋ ਅਜੇ ਤੱਕ ਕੋਈ ਰਿਪੋਟ ਨਹੀ ਭੇਜੀ ਗਈ, ਜਿਸ ਦਾ ਸਰਕਾਰ ਵਲੋ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਲਈ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਚੰਡੀਗੜ੍ਹ ਪ੍ਰਸ਼ਾਸ਼ਨ ਅਧੀਨ ਡੈਪੂਟੇਸ਼ਨ ਤੇ ਜਾਣ ਵਾਲੇ ਚਾਹਵਾਨ ਕਰਮਚਾਰੀਆ, ਜਿਹਨਾਂ ਦੀ ਰੈਗੂਲਰ ਸੇਵਾ 5 ਸਾਲ ਦੀ ਹੋ ਗਈ ਹੋਵੇ ਅਤੇ ਕੰਮ ਅਤੇ ਆਚਰਣ ਚੰਗੇ ਦਰਜ਼ੇ ਦਾ ਹੋਵੇ, ਦੀਆਂ ਅਰਜ਼ੀਆ ਪ੍ਰਾਪਤ ਕਰਕੇ ਸਮੇਤ ਸੇਵਾ ਪੱਤਰੀਆ ਦੇ ਮਿਤੀ 04.07.2018 ਤੱਕ ਇਸ ਦਫਤਰ ਵਿਖੇ ਭੇਜਣੀਆ ਯਕੀਨੀ ਬਣਾਈਆ ਜਾਣ । ਜੇਕਰ ਆਪ ਅਧੀਨ ਕੰਮ ਕਰਦੇ ਵੈਟਨਰੀ ਇੰਸਪੈਕਟਰਾ ਵਿੱਚੋ ਕੋਈ ਵੀ ਕਰਮਚਾਰੀ ਡੈਪੂਟੇਸ਼ਨ ਤੇ ਜਾਣ ਦਾ ਚਾਹਵਾਨ ਨਹੀ ਹੈ, ਤਾਂ ਵੀ ਇਸ ਸਬੰਧੀ ਤਸਦੀਕ ਕਰਕੇ ਰਿਪੋਟ ਮਿੱਥੇ ਸਮੇ ਦੇ ਅੰਦਰ-ਅੰਦਰ dahpujab@gmail.com ਤੇ ਈ.ਮੇਲ ਰਾਹੀ ਭੇਜੀ ਜਾਵੇ ।

ਇਸ ਪੱਤਰ ਨੂੰ ਪਰਮ ਅਗੇਤ ਦਿੱਤੀ ਜਾਵੇ ।

ਡਾਇਰੈੱਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ, ਐਸ.ਏ.ਐਸ.ਨਗਰ।

ਪਿ:ਅੰ:ਨੰ: 2018/ਅ-4/15385 ਮਿਤੀ: 27-6-18

ਇਸ ਦਾ ਇੱਕ ਉਤਾਰਾ ਸਮੂਹ ਵੈਟਨਰੀ ਇੰਸਪੈਕਟਰ, ਪਸ਼ੂ ਪਾਲਣ ਵਿਭਾਗ, ਪੰਜਾਬ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਜੇਕਰ ਉਹਨਾਂ ਦੀ 5 ਸਾਲ ਦੀ ਰੈਗੂਲਰ ਸੇਵਾ ਮੁਕੰਮਲ ਹੋ ਗਈ ਹੋਵੇ ਅਤੇ ਉਹਨਾਂ ਵਿਰੁੱਧ ਕੋਈ ਸ਼ਕਾਇਤ/ਇੰਨਕੁਆਰੀ ਆਦਿ ਪੈਡਿੰਗ ਨਾ ਹੋਵੇ ਅਤੇ ਉਹ ਚੰਡੀਗੜ੍ਹ ਪ੍ਰਸ਼ਾਸ਼ਨ ਅਧੀਨ ਡੈਪੂਟੇਸ਼ਨ ਤੇ ਜਾਣ ਦੇ ਚਾਹਵਾਨ ਹੋਣ, ਤਾਂ ਉਹ ਇਸ ਸਬੰਧੀ ਆਪਣੀ ਸਹਿਮਤੀ ਤੁਰੰਤ ਸਬੰਧਿਤ ਡਿਪਟੀ ਡਾਇਰੈੱਕਟਰ, ਪਸ਼ੂ ਪਾਲਣ, ਰਾਹੀ ਇਸ ਦਫਤਰ ਨੂੰ ਭੇਜਣ ਅਤੇ ਸਹਿਮਤੀ ਪੱਤਰ ਦੀ ਇੱਕ ਕਾਪੀ ਸਿੱਧੇ dahpujab@gmail.com ਤੇ ਈ.ਮੇਲ ਕੀਤੀ ਜਾਵੇ।

ਡਾਇਰੈੱਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ, ਐਸ.ਏ.ਐਸ.ਨਗਰ।

ਦਸਤੀ
ਪਿ:ਅੰ:ਨੰ: 2018/ਅ-4/15386 ਮਿਤੀ: 27-6-18

ਇਸ ਦਾ ਇੱਕ ਉਤਾਰਾ ਡਾ: ਲਖਵਿੰਦਰ ਸਿੰਘ, ਵੈਟਨਰੀ ਅਫਸਰ (ਨੋਡਲ ਅਫਸਰ, ਵੈਬਸਾਈਡ ਐਡ ਐਪ ਸੈੱਲ (ਸਦਰ ਦਫਤਰ) ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਨੂੰ ਤੁਰੰਤ ਵਿਭਾਗ ਦੀ ਵੈਬਸਾਈਡ ਤੇ ਅੱਪਲੋਡ ਕੀਤਾ ਜਾਵੇ।

ਡਾਇਰੈੱਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ, ਐਸ.ਏ.ਐਸ.ਨਗਰ।

ਪਿ:ਅੰ:ਨੰ: 2018/ਅ-4/15387 ਮਿਤੀ: 27-6-18

ਇਸ ਦਾ ਇੱਕ ਉਤਾਰਾ ਮਾਨਯੋਗ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ (ਪਸ਼ੂ ਪਾਲਣ ਸ਼ਾਖਾ-2) ਚੰਡੀਗੜ੍ਹ ਨੂੰ ਉਹਨਾਂ ਦੇ ਪੱਤਰ ਨੰ: 23/1/2002ਪ.ਪ.6/2987 ਮਿਤੀ 19.06.2018 ਦੇ ਹਵਾਲੇ ਵਿੱਚ ਅੰਤ੍ਰਿਮ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ ।

ਡਾਇਰੈੱਕਟਰ, ਪਸ਼ੂ ਪਾਲਣ ਵਿਭਾਗ,
ਪੰਜਾਬ, ਐਸ.ਏ.ਐਸ.ਨਗਰ।